ਸ਼ੇਖ ਫ਼ਰੀਦ - ਸਬਦ ੪੯

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੦

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥
ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥੪੫॥

ਸਾਰ: ਹਉਮੈਂਵਾਦੀ ਪ੍ਰਮਾਣਿਕਤਾ ਦਿਖਾਵੇ, ਪ੍ਰਸ਼ੰਸਾ ਅਤੇ ਆਪਣੇ ਆਪ ਨੂੰ ਦੂਜਿਆਂ ਨਾਲੋਂ ਉੱਤਮ ਸਮਝਣ ਦੀ ਭਾਵਨਾ ਨਾਲ ਪਸਰਦੀ ਹੈ। ਇਹ ਅਕਸਰ ਕਾਬੂ ਕਰਨ ਵਾਲੀ ਅਸਥਾਈ ਪ੍ਰਵਿਰਤੀ ਨੂੰ, ਸਥਾਈ ਮਹੱਤਤਾ ਸਮਝਣ ਵਿਚ ਉਲਝ ਜਾਂਦੀ ਹੈ, ਜਿਸ ਕਾਰਣ ਇਹ ਆਪਣੀ ਛਵੀ ਗੁਆਉਣ ਦਾ ਡਰ ਪਾਲ ਬੈਠਦੀ ਹੈ। ਜੋ ਬਾਹਰੋਂ ਤਾਕਤਵਰ ਭਾਸਦਾ ਹੈ ਉਹ ਅਕਸਰ ਅੰਤਰੀਵ ਵਿਚ ਛੁਪੀ ਗੂੜ੍ਹ ਅਸੁਰੱਖਿਆ ਵਿਚ ਘਿਰਿਆ ਹੁੰਦਾ ਹੈ। ਇਸ ਕਾਰਨ ਕਈ ਵਾਰ ਅਸੀਂ ਅਸਥਾਈ ਵਸਤਾਂ ਦੀ ਰੱਖਿਆ ਕਰਨ ਲਈ ਚਾਲਾਕੀ ਜਾਂ ਹੇਰਾਫੇਰੀ ਦਾ ਸਹਾਰਾ ਲੈਂਦੇ ਹਾਂ ਅਤੇ ਇਸ ਪ੍ਰਕਿਰਿਆ ਵਿਚ ਸਦੀਵੀ ਇਮਾਨਦਾਰੀ ਅਤੇ ਅਖੰਡਤਾ ਗਵਾ ਬੈਠਦੇ ਹਾਂ। ਅਸਲ ਸਮਰਥਾ ਉਸ ਸੂਝ ਵਿਚ ਹੈ ਜਿਸ ਨਾਲ ਨਾਸ਼ਵਾਨਤਾ ਦਾ ਅਸਲ ਸਮਝ ਆਉਂਦਾ ਹੈ, ਉਹ ਮਹਾਨ ਇਕਸਾਰਤਾ ਜੋ ਤਾਕਤਵਰ ਅਤੇ ਕੁਲੀਨ ਨੂੰ ਉਸ ਮਿੱਟੀ ਵਿਚ ਵਾਪਸ ਸਮੇਟ ਲੈਂਦੀ ਹੈ ਜਿਸ ਵਿਚ ਗਰੀਬ ਅਤੇ ਨਿਰਬਲ ਵੀ ਸਮਾਉਂਦੇ ਹਨ।

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥
ਉਨ੍ਹਾਂ ਦੇ ਇਰਦ-ਗਿਰਦ ਢੋਲ ਵੱਜ ਰਹੇ ਹਨ, ਉਨ੍ਹਾਂ ਦੇ ਸਿਰ ਉੱਤੇ ਸ਼ਾਹੀ ਛਤਰ ਝੂਲ ਰਹੇ ਹਨ, ਨਗਾਰੇ ਅਤੇ ਤੂਰ੍ਹੀਆਂ ਵੱਜ ਰਹੀਆਂ ਹਨ, ਅਤੇ ਉਨ੍ਹਾਂ ਦੀ ਮਹਿਮਾ ਦਾ ਗਾਇਨ ਹੋ ਰਿਹਾ ਹੈ। ਇਹ ਦ੍ਰਿਸ਼ ਅਹੰਕਾਰ-ਪ੍ਰੇਰਿਤ ਸਵੀਕ੍ਰਿਤੀ ਦੀ ਚਰਮ ਸੀਮਾ, ਜਨਤਕ ਸਤਾ ਦੇ ਮੋਹ ਅਤੇ ਸਦੀਵੀ ਅਧਿਕਾਰ ਦੇ ਭਰਮ ਮਈ ਦਾਅਵੇ ਦਾ ਪ੍ਰਤੀਕ ਹੈ।

ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥੪੫॥
ਉਹ ਬੇਸਹਾਰੇ ਅਨਾਥਾਂ ਵਾਂਗ ਕਬਰਾਂ ਵਿਚ ਸੁਤੇ ਪਏ, ਮਿੱਟੀ ਹੋ ਚੁਕੇ ਹਨ। ਇਹ ਦ੍ਰਿਸ਼ ਮੌਤ ਨੂੰ ਅੰਤਿਮ ਸਮਾਨਤਾ ਲਿਆਉਣ ਵਾਲੀ ਸਤਾ ਵਜੋਂ ਦਰਸਾਉਂਦਾ ਹੈ, ਜਿੱਥੇ ਵਿਸ਼ੇਸ਼ ਅਧਿਕਾਰ ਵਾਲੇ ਅਤੇ ਪ੍ਰਭਾਵਸ਼ਾਲੀ ਵੀ ਆਖ਼ਿਰਕਾਰ ਉਸੇ ਮਿੱਟੀ ਵਿਚ ਮਿਲ ਜਾਂਦੇ ਹਨ ਜਿਸ ਵਿਚ ਗਰੀਬ ਅਤੇ ਨਿਰਬਲ ਮਿਲਦੇ ਹਨ। (੪੫)

ਤੱਤ: ਸ਼ੇਖ ਫ਼ਰੀਦ ਸਤਾ ਦੇ ਰੌਲੇ ਦੀ ਤੁਲਨਾ ਨਿਮਰਤਾ ਰੂਪੀ ਸਹਿਜ ਨਾਲ ਕਰ, ਮਹੱਤਤਾ ਦੇ ਭਰਮ ਨੂੰ ਚੁਣੌਤੀ ਦਿੰਦੇ ਹਨ। ਉਹ ਸਾਨੂੰ ਯਾਦ ਦਿਵਾਉਂਦੇ ਹਨ ਕਿ ਸੰਸਾਰਿਕ ਧਨ-ਸੰਪਦਾ ਜੀਵਨ ਦੇ ਅਟੱਲ ਬਦਲਾਵਾਂ ਤੋਂ ਸਾਡੀ ਰੱਖਿਆ ਨਹੀਂ ਕਰ ਸਕਦੀ; ਇਹ ਕੁਝ ਸਮੇਂ ਲਈ ਸਾਡਾ ਧਿਆਨ ਤਾਂ ਭਟਕਾ ਸਕਦੀ ਹੈ, ਪਰ ਅਸਥਿਰਤਾ ਨੂੰ ਜਿੱਤ ਨਹੀਂ ਸਕਦੀ। ਅੰਤ ਵਿਚ ਹਰ ਪਹਿਚਾਣ ਅਤੇ ਰੁਤਬੇ ਦਾ ਇਕੋ ਜਿਹਾ ਹਸ਼ਰ ਹੀ ਹੁੰਦਾ ਹੈ। ਇਹ ਅਟੱਲ ਸੱਚਾਈ ਹੈ ਕਿ ਅਸੀਂ ਸਾਰੇ ਮਿੱਟੀ ਵਿਚ ਹੀ ਸਮਾਂਵਾਂਗੇ। ਜੋ ਅਸਲ ਵਿਚ ਮਾਇਨੇ ਰੱਖਦਾ ਹੈ ਉਹ ਸਾਡੇ ਅੰਤਰੀਵੀ ਸੰਸਾਰ ਦੇ ਗੁਣ ਅਤੇ ਜੀਵਨ ਸਫ਼ਰ ਦੌਰਾਨ ਸਾਡੇ ਦੁਆਰਾ ਵੰਡਿਆ ਗਿਆ ਪਿਆਰ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**